ਦੀਵਾਲੀ, ਦੀਪਮਾਲਾ

ਮਹਾਰਾਜ ਸ੍ਰੀ ਰਾਮ ਚੰਦਰ ਜੀ ਜਾਂ ਮਹਾਰਾਜ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਆਪੋ ਆਪਣੇ ਵਿਸ਼ਵਾਸ/ਅਕੀਦੇ ਤੇ ਸਮਝ ਅਨੁਸਾਰ ਜੰਮ ਜੰਮ ਖੁਸ਼ੀਆਂ ਖੇੜਿਆਂ ਨਾਲ ਯਾਦ ਕਰੀਏ ਅਤੇ ਵਧ ਤੋਂ ਵਧ ਸ਼ਰਧਾ ਪਰੇਮ ਪਾਲੀਏ, ਬਹੁਤ ਚੰਗੀ ਗਲ ਹੈ। ਪਰ ਇਨ੍ਹਾਂ ਯਾਦਾਂ ਨੂੰ ਗਲਤ ਦਿਸ਼ਾ ਨਾ ਦਈਏ।

ਅਸਲ ਵਿਚ ਦੀਵਾਲੀ ਇਕ ਧਾਰਮਕ ਤਿਉਹਾਰ ਨਾਲੋਂ ਵਧੇਰੇ ਤੌਰ ਤੇ ਮੌਸਮੀ ਜਾਂ Seasonal ਤਿਉਹਾਰ ਹੈ ਅਤੇ ਸਾਨੂੰ ਇਹ ਤੱਥ ਸਵੀਕਾਰ ਕਰਨਾ ਚਾਹੀਦਾ ਹੈ। ਫ਼ਸਲਾਂ ਦੀ ਵਾਢੀ ਤੋਂ ਬਾਅਦ ਵਿਹਲ ਮਿਲਦੀ ਮੰਨੀ ਜਾਂਦੀ ਸੀ/ਹੈ। ਹਿੰਦੁਸਤਾਨੀ ਵਪਾਰੀ ਵਰਗ ਇਸ ਦਿਨ ਪੁਰਾਣੇ ਖਾਤੇ ਸਮੇਟ ਕੇ ਨਵੇਂ ਵਹੀਆਂ ਖਾਤੇ ਖੋਲਦੇ ਰਹੇ ਹਨ।

ਪਰ ਇਹ ਵੀ ਸਚ ਹੈ ਕਿ ਦੀਵਾਲੀ ਵਾਲੇ ਦਿਨ ਮਹਾਰਾਜ ਸ੍ਰੀ ਰਾਮ ਚੰਦਰ ਜੀ ਨੂੰ ਨਾਂ-ਮਾਤਰ ਅਤੇ ਵਧੇਰੇ ਕਰ ਕੇ ਲਛਮੀ ਦੀ ਪੂਜਾ ਅਤੇ ਉਸ ਨੂੰ ਯਾਦ ਕੀਤਾ ਜਾਂਦਾ ਹੈ। ਇਸ ਦਿਨ ਜੂਆ ਖੇਡਣਾ ਤੇ ਸ਼ਰਾਬ ਪੀਣਾ ਪਟਾਕੇ ਆਦਿ ਚਲਾ ਕੇ ਪ੍ਰਦੂਸ਼ਣ ਫ਼ੈਲਾਉਣਾ ਆਦਿ ਬਹੁਤ ਵਡੀਆਂ ਬੁਰਿਆਈਆਂ ਹਨ।

ਪਰ ਆਉ ਜ਼ਰਾ ਵੀਚਾਰੀਏ :

ਇਤਿਹਾਸਕ ਸੋਮੇ, ਭੱਟ ਵਹੀਆਂ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਗਵਾਲੀਅਰ ਦੇ ਕਿਲੇ ਤੋਂ ਅੰਮ੍ਰਿਤਸਰ ਵਿਖੇ 1676 ਬਿਕਰਮੀ ਸੰਮਤ ਦੀ ਮਾਘੀ ਵਾਲੇ ਦਿਨ ਪਹੁੰਚੇ ਸਨ ਜੋ 28 ਜਨਵਰੀ 1620 A.D. ਈਸਾ ਸੰਮਤ ਬਣਦਾ ਹੈ।

ਇਹ ਮਿਤੀ, ਦੀਵਾਲੀ ਦੇ ਨੇੜੇ ਤੇੜੇ ਵੀ ਨਹੀਂ ਬੈਠਦੀ। ਫ਼ਿਰ, ਦੀਵਾਲੀ ਮਨਾਉਣ ਦਾ ਇਹ ਮਨਘੜਤ ਕਾਰਣ ਕਿਸੇ ਹਿਸਾਬ ਨਾਲ ਵੀ ਉਚਿਤ ਨਹੀਂ।

ਸ੍ਰੀ ਰਾਮ ਚੰਦਰ ਜੀ ਮਹਾਰਾਜ ਵੀ ਜੇ ਇਸੇ ਦਿਨ ਅਜੁਧਿਆ ਆਏ ਅਤੇ ਉਸ ਨਗਰ ਦੇ ਵਾਸੀਆਂ ਨੇ ਦੀਪਮਾਲਾ ਵੀ ਕਰ ਦਿਤੀ ਤਾਂ ਹੋਰ ਦੂਰ ਦੁਰੇਡੇ ਇਲਾਕਾ ਨਿਵਾਸੀਆਂ ਦਾ, ਉਨ੍ਹਾਂ ਦਾ ਅਜੁਧਿਆ ਪਹੁੰਚਣ ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਨਾ ਤਾਂ ਬੇਤੁਕਾ ਹੀ ਬਣਦਾ ਹੈ। ਅਜੁਧਿਆ ਨਿਵਾਸੀਆਂ ਦੀ ਖ਼ੁਸ਼ੀ ਤਾਂ ਸਹੀ ਹੋ ਸਕਦੀ ਹੈ। ਵੈਸੇ ਤਾਂ ਮਹਾਰਾਜ ਸ੍ਰੀ ਰਾਮ ਚੰਦਰ ਜੀ ਰਾਵਣ ਦੇ ਉਧਾਰ ਕਰਨ ਤੋਂ ਬਾਅਦ 3 ਦਿਨਾਂ ਵਿਚ ਹੀ ਪੁਸ਼ਪਕ ਉੜਨ ਖਟੋਲੇ ਤੇ ਸਵਾਰ ਹੋ ਕੇ ਭਭੀਖਣ, ਸੁਗ੍ਰੀਵ, ਹਨੂੰਮਾਨ, ਜਾਮਵੰਤ ਆਦਿ ਸਮੇਤ ਅਜੁਧਿਆ ਪੁਜ ਗਏ ਸਨ। ਜਦ ਕਿ ਦੀਵਾਲੀ ਦਾ ਤਿਉਹਾਰ ਦੁਸਹਿਰੇ ਤੋਂ ਬਾਅਦ 20ਵੇਂ ਦਿਨ ਮਨਾਇਆ ਜਾ ਰਿਹਾ ਹੈ, ਜੋ ਕਿਸੇ ਤਰਕ ਤੇ ਪੂਰਾ ਨਹੀਂ ਉਤਰਦਾ।

ਸੋ ਇਹ ਤਿਉਹਾਰ ਤਾਂ ਵੇਖਾ ਵੇਖੀ ਹੀ ਗਲਤ ਦਿਸ਼ਾ ਵਲ ਵਧ ਗਿਆ ਹੈ। ਫ਼ਿਰ ਇਸ ਦੇ ਮਨਾਉਣ ਦੇ ਮੌਜੂਦਾ ਢੰਗ ਤਾਂ ਦੇਸ਼ ਦੀ ਅਰਥ ਵਿਵਸਥਾ ਅਤੇ ਆਬੋ ਹਵਾ ਲਈ ਨਾਸ਼ਕਾਰੀ ਹਨ। ਵੈਸੇ ਵੀ ਭਾਰਤ ਵਿਚ ਹਵਾ ਪਾਣੀ ਦੇ ਪ੍ਰਦੂਸ਼ਣ ਦੀ ਸਮੱਸਿਆ ਚਿੰਤਾਜਨਕ ਪਧਰ ਤਕ ਵਧ ਚੁਕੀ ਹੈ। ਅਸੀਂ ਦੇਸ਼/ਸਮਾਜ/ਮਨੁਖਤਾ ਦੇ ਦੁਸ਼ਮਨ ਨਾ ਬਣੀਏ ਅਤੇ ਆਪਣੇ ਫ਼ਰਜ਼ ਨੂੰ ਸਮਝੀਏ।

